## ਫ਼ਿਲਮ ਸਮੀਖਿਆ

# ਉਸ ਕੀ ਰੋਟੀ

## ਲੇਖਕ- ਤਰਸੇਮ ਬਸ਼ਰ

ਅੱਜ ਜਿਸ ਫ਼ਿਲਮ ਦੀ ਚਰਚਾ ਕਰ ਰਿਹਾ ਹਾਂ, ਉਹ ਚਰਚਿਤ ਤਾਂ ਰਹੀ ਪਰ ਇਹ ਸਫ਼ਲਤਾ-ਅਸਫ਼ਲਤਾ ਦੇ ਸੰਦਰਭ ਤੋਂ ਵੱਖ ਰੱਖ ਕੇ ਬਣੀ ਸੀ। ਇਹ ਇੱਕ ਨਿਰੋਲ ਕਲਾ ਫਿਲਮ ਸੀ ...ਫਿਲਮ ਦਾ ਨਾਂ ਹੈ "ਉਸ ਕੀ ਰੋਟੀ"।

1969 ਵਿੱਚ ਰਿਲੀਜ਼ ਹੋਈ "ਮਨੀ ਕੌਲ" ਦੀ ਇਹ ਫਿਲਮ ਭਾਰਤੀ ਸਿਨੇਮਾ ਦੀਆਂ ਪ੍ਰਾਪਤੀਆਂ ਵਿੱਚੋਂ ਇਕ ਮੰਨੀ ਜਾਂਦੀ ਫ਼ਿਲਮ ਹੈ। ਫ਼ਿਲਮ ਵਿੱਚ ਨਾਮਵਰ ਕਲਾਕਾਰ ਨਹੀਂ ਸਨ ...ਮਨੀ ਕੌਲ ਜਾਣਦੇ ਸਨ ਕਿ ਫ਼ਿਲਮ ਦੀ ਅਸਲੀ ਤਾਕਤ ਫ਼ਿਲਮ ਦੀ ਕਹਾਣੀ ਹੈ ਜੋ "ਮੋਹਨ ਰਾਕੇਸ਼" ਦੁਆਰਾ ਲਿਖੀ ਗਈ ਸੀ।

ਮੋਹਨ ਰਾਕੇਸ਼ ਦੀ ਗੱਲ ਕਰਨੀ ਬਹੁਤ ਜ਼ਰੂਰੀ ਹੈ। ਇਸ ਉਪਰੰਤ ਫ਼ਿਲਮ ਦੀ ਕਹਾਣੀ ਬਾਰੇ ਗੱਲ ਕਰਾਂਗੇ। ਮੋਹਣ ਰਾਕੇਸ਼ ਹਿੰਦੀ ਸਾਹਿਤ ਦੇ ਉਨ੍ਹਾਂ ਲੇਖਕਾਂ ਵਿਚ ਸ਼ਾਮਲ ਰਹੇ ਹਨ ਜਿਨ੍ਹਾਂ ਨੇ ਘੱਟ ਲਿਖਿਆ ਪਰ ਜਿੰਨਾ ਲਿਖਿਆ, ਪਾਏਦਾਰ ਲਿਖਿਆ। ਬਦਕਿਸਮਤੀ ਨਾਲ ਮੋਹਣ ਰਾਕੇਸ਼ ਦਾ ਨਾਂ ਉਨ੍ਹਾਂ ਪੰਜਾਬੀਆਂ ਵਿਚ ਸ਼ਾਮਲ ਨਹੀਂ ਕੀਤਾ ਗਿਆ ਜਿਨ੍ਹਾਂ ਬਾਰੇ ਇਹ ਚਰਚਾ ਚਲਦੀ ਰਹੀ ਹੈ ਕਿ ਉਹ ਭਾਵੇਂ ਹੋਰ ਭਾਸ਼ਾ ਦੇ ਲੇਖਕ ਸਨ ਪਰ ਉਹ ਪੰਜਾਬੀ ਸਨ ਜਿਵੇਂ ਮੰਟੋ, ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ ਤੇ ਹੋਰ।

ਮੋਹਨ ਰਾਕੇਸ਼ ਦਾ ਜਨਮ ਅੰਮ੍ਰਿਤਸਰ ਹੋਇਆ ਉਨ੍ਹਾਂ ਦੀ ਕਰਮ ਭੂਮੀ ਪੰਜਾਬ ਦਾ ਮਾਝਾ ਅਤੇ ਦੋਆਬਾ ਖੇਤਰ ਕਹੀ ਜਾਂਦੀ ਹੈ । "ਉਸਕੀ ਰੋਟੀ" ਉਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਇੱਕ ਪ੍ਰਸਿੱਧ ਰਚਨਾ ਹੈ ਜਿਸ ਦੀ ਕਹਾਣੀ ਪੰਜਾਬ ਦੇ ਮੱਧ ਵਿਚ ਜਲੰਧਰ ਤੋਂ ਨਕੋਦਰ ਰੋਡ ਤੇ ਵਾਪਰਦੀ ਹੈ। ਬਾਲੋ ਆਪਣੀ ਛੋਟੀ ਭੈਣ ਨਾਲ ਇਕ ਪਿੰਡ ਵਿਚ ਰਹਿੰਦੀ ਹੈ। ਸੁੱਚਾ ਸਿੰਘ ਜੋ ਕਿ ਉਸ ਦਾ ਘਰਵਾਲਾ ਹੈ ਉਸ ਬੱਸ ਦਾ ਡਰਾਈਵਰ ਹੈ ਜੋ ਜਲੰਧਰ ਤੋਂ ਨਕੋਦਰ ਤਕ ਗੇੜਾ ਕੱਢਦੀ ਹੈ...ਤੇ ਇਸੇ ਸੜਕ ਤੇ ਉਨ੍ਹਾਂ ਦਾ ਪਿੰਡ ਹੈ। ਸੁੱਚਾ ਸਿੰਘ ਕਦੇ ਕਦਾਈਂ ਘਰ ਆਉਂਦਾ ਹੈ, ਨਹੀਂ ਤਾਂ ਉਸ ਦੀ ਬਸ ਰਾਤ ਨੂੰ ਨਕੋਦਰ ਰੁਕਦੀ ਹੈ ਤੇ ਉਹ ਉੱਥੇ ਹੀ ਸੌਂਦਾ ਹੈ।

ਬਾਲੋ ਵਿੱਚ ਅਸੁਰੱਖਿਆ ਦੀ ਭਾਵਨਾ ਹੈ। ਉਹ ਕੱਲੇ ਰਹਿਣ ਕਰਕੇ ਡਰੀ ਹੋਈ ਹੈ ਪਰ ਉਸ ਨੂੰ ਹੌਸਲਾ ਹੈ ਕਿ ਉਹ ਰੋਟੀ ਦੇ ਬਹਾਨੇ ਰੋਜ਼ ਸੁੱਚਾ ਸਿੰਘ ਨੂੰ ਮਿਲ ਲੈਂਦੀ ਹੈ ਅਤੇ ਉਸ ਨੂੰ ਇਹ ਅਹਿਸਾਸ ਰਹਿੰਦਾ ਹੈ ਕਿ ਉਸ ਦਾ ਘਰਵਾਲਾ ਹੈ ...ਉਸ ਦਾ ਘਰ ਹੈ। ਉਹ ਹਰ ਰੋਜ਼ ਦੁਪਹਿਰੇ ਸੁੱਚਾ ਸਿੰਘ ਦੀ ਰੋਟੀ ਲੈ ਕੇ ਜਾਂਦੀ ਹੈ...ਤੇ ਇੱਕ ਊਰਜਾ ਲੈ ਕੇ ਵਾਪਸ ਆਉਂਦੀ ਹੈ ....ਕੋਈ ਉਸ ਦਾ ਆਪਣਾ ਹੈ ...ਉਸ ਦਾ ਘਰ ਹੈ, ਇੱਜ਼ਤ ਵੀ ਤੇ ਇਕ ਪਛਾਣ ਵੀ।

ਸੁੱਚਾ ਸਿੰਘ ਥੋੜ੍ਹੀ ਜਿਹੀ ਦੇਰ ਬੱਸ ਰੋਕ ਕੇ ਰੋਟੀ ਲੈਂਦਾ ਹੈ ਤੇ ਇੱਕ ਦੋ ਪਲ ਗੱਲਾਂ ਕਰਕੇ ਅੱਗੇ ਨੂੰ ਚੱਲ ਪੈਂਦਾ ਹੈ। ਰੋਟੀ ਦੇਣ ਦੀ ਪ੍ਰਕਿਰਿਆ ਅਸਲ ਵਿੱਚ ਬਾਲੋ ਲਈ ਮਨੋਵਿਗਿਆਨਕ ਤੌਰ ਤੇ ਹੌਸਲਾ ਦੇਣ ਵਾਲੀ ਕਿਰਿਆ ਹੈ।

ਭਾਵੇਂ ਉਹ ਔਰਤ ਦੇ ਤੌਰ ਤੇ ਸਮਾਜ ਵਿੱਚ ਅਸੁਰੱਖਿਅਤ ਮਹਿਸੂਸ ਕਰਨ ਵਾਲੇ ਡਰ ਤੋਂ ਵੀ ਪ੍ਰਭਾਵਿਤ ਹੈ ਪਰ ਉਹ ਉਨ੍ਹਾਂ ਗੱਲਾਂ ਤੋਂ ਵੀ ਡਰਦੀ ਹੈ ਜੋ ਸੁੱਚਾ ਸਿੰਘ ਬਾਰੇ ਕਈ ਵਾਰ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਕਦੇ ਕੋਈ ਕਹਿੰਦਾ ਹੈ ਕਿ ਉਸ ਨੇ ਤਾਂ ਆਪਣੀ ਗ੍ਰਹਿਸਤੀ ਨਕੋਦਰ ਵੀ ਵਸਾ ਰੱਖੀ ਹੈ। ਇਕ ਔਰਤ ਨੂੰ ਘਰ ਕਿਰਾਏ ਤੇ ਲੈ ਕੇ ਦਿੱਤਾ ਹੈ ਅਤੇ ਰਾਤਾਂ ਉਥੇ ਹੀ ਕੱਢਦਾ ਹੈ।

ਇਨ੍ਹਾਂ ਗੱਲਾਂ ਨਾਲ ਬਾਲੋ ਡਰ ਜਾਂਦੀ ਹੈ ਅਤੇ ਅਕਸਰ ਸੋਚਦੀ ਰਹਿੰਦੀ ਹੈ ਕਿ ਜੇ ਕਿਸੇ ਦਿਨ ਸੁੱਚਾ ਸਿੰਘ ਨੇ ਘਰ ਆਉਣਾ ਬੰਦ ਕਰ ਦਿੱਤਾ ਤਾਂ .......।

ਇੱਕ ਦਿਨ ਪਿੰਡ ਦਾ ਹੀ ਇਕ ਬਦਮਾਸ਼ ਬਾਲੋ ਦੀ ਛੋਟੀ ਭੈਣ ਜੋ ਕੇ ਬਾਲੋ ਦੇ ਘਰ ਹੀ ਰਹਿੰਦੀ ਹੈ, ਨਾਲ ਸ਼ਰਾਰਤ ਕਰਦਾ ਹੈ ਤੇ ਜਦੋਂ ਬਾਲੋ ਦੀ ਉਹ ਭੈਣ ਉਸ ਨੂੰ ਇਥੇ ਆ ਕੇ ਦੱਸਦੀ ਹੈ ਤਾਂ ਉਹ ਤਰ੍ਹਾਂ-ਤਰ੍ਹਾਂ ਦੀਆਂ ਸ਼ੰਕਾਵਾਂ ਨਾਲ ਘਿਰ ਜਾਂਦੀ ਹੈ। ਸ਼ੰਕਾਵਾਂ ਵਿੱਚ ਘਿਰੀ ਹੋਈ ਤੇ ਡਰੀ ਹੋਈ ਬਾਲੋ ਰੋਟੀ ਲਿਜਾਣ ਵਿੱਚ ਲੇਟ ਹੋ ਜਾਂਦੀ ਹੈ। ਬਦਮਾਸ਼ ਵੱਲੋਂ ਸ਼ਰਾਰਤ ਕਰਨ ਵੇਲੇ ਵੀ ਉਸ ਨੂੰ ਸੁੱਚਾ ਸਿੰਘ ਦੀ ਯਾਦ ਆਉਂਦੀ ਹੈ ਉਹ ਸੋਚਦੀ ਹੈ ਕਿ ਜੇ ਸੁੱਚਾ ਸਿੰਘ ਨੂੰ ਇਸ ਦਾ ਪਤਾ ਲੱਗਿਆ ਤਾਂ ਉਹ ਬਦਮਾਸ਼ ਨੂੰ ਸਿੱਧਾ ਕਰ ਦੇਵੇਗਾ ...ਉਹ ਦੱਸਾਂ ਯਾ ਨਾ ਦੱਸਾਂ ਕਰਕੇ ਦੁਚਿੱਤੀ 'ਚ ਹੈ ਅਤੇ ਲੇਟ ਹੋ ਜਾਂਦੀ ਹੈ।

ਅਖੀਰ ... ਉਸ ਨੂੰ ਆਪਣੀ ਛੋਟੀ ਭੈਣ ਦਾ ਫ਼ਿਕਰ ਵੀ ਹੈ ਤੇ ਡਰ ਵੀ ਪਰ ਫਿਰ ਵੀ ਉਹ ਰੋਟੀ ਲੈ ਕੇ ਜਰਨੈਲੀ ਸੜਕ ਵੱਲ ਤੁਰ ਪੈਂਦੀ ਹੈ ਕਿਉਂਕਿ ਉਸ ਦੇ ਅੰਦਰ ਦਾ ਡਰ ਉਸ ਨੂੰ ਆਰਾਮ ਨਾਲ ਬੈਠਣ ਨਹੀਂ ਦਿੰਦਾ। ਉਹ ਜਾਣਦੀ ਹੈ ਕਿ ਬੱਸ ਨਿਕਲ ਗਈ ਹੈ ਤੇ ਹੁਣ ਨਕੋਦਰ ਤੋਂ ਵਾਪਸ ਆ ਰਹੀ ਬਸ ਦੋ ਤਿੰਨ ਘੰਟਿਆਂ ਬਾਅਦ ਆਵੇਗੀ ਪਰ ਉਹ ਫਿਰ ਵੀ ਘਰੋਂ ਇਸ ਲਈ ਚੱਲ ਪੈਂਦੀ ਹੈ। ਉਹ ਜਾਨ ਚੁੱਕੀ ਹੁੰਦੀ ਹੈ ਕਿ ਸੁੱਚਾ ਸਿੰਘ ਅੱਜ ਕਿੰਨਾ ਨਾਰਾਜ਼ ਹੋਇਆ ਹੋਵੇਗਾ...ਪਰ ਦੇਰੀ ਹੋਈ ਦੇ ਮਨ ਵਿੱਚ ਤੀਬਰ ਇੱਛਾ ਹੁੰਦੀ ਹੈ ਕਿ ਉਹ ਸੁੱਚਾ ਸਿੰਘ ਨੂੰ ਮਿਲ ਲਵੇ।

ਜਰਨੈਲੀ ਸੜਕ ਤੇ ਬਣੇ ਬੱਸ ਅੱਡੇ ਤੇ ਉਹ ਪਹੁੰਚ ਤਾਂ ਜਾਂਦੀ ਹੈ ਪਰ ਉਹ ਇੰਨੀ ਡਰੀ ਹੁੰਦੀ ਹੈ ਕਿ ਉੱਥੋਂ ਦੀ ਹਰ ਚੀਜ਼ ਉਸ ਨੂੰ ਡਰਾਉਣੀ ਲੱਗਣ ਲੱਗ ਪੈਂਦੀ ਹੈ ....ਕਦੇ ਉਸ ਨੂੰ ਆਪਣੀ ਛੋਟੀ ਭੈਣ ਦਾ ਖਿਆਲ ਆਉਂਦਾ ਹੈ ..ਕਦੇ ਉਸ ਬਦਮਾਸ਼ ਦਾ ਜਿਸ ਨੇ ਉਸ ਨਾਲ ਛੇੜਖਾਨੀ ਕੀਤੀ ਹੈ ਤੇ ਕਦੇ ਆਪਣੇ ਘਰਵਾਲੇ ਸੁੱਚਾ ਸਿੰਘ ਦੇ ਤਮ ਤਮਾਏ ਚਿਹਰੇ ਦਾ।

ਨਕੋਦਰ ਤੋਂ ਵਾਪਸ ਬੱਸ ਸ਼ਾਮ ਨੂੰ ਆਉਂਦੀ ਹੈ, ਉਹ ਸੁੱਚਾ ਸਿੰਘ ਨੂੰ ਰੋਟੀ ਫੜਾਉਂਦੀ ਹੈ ਤਾਂ ਸੁੱਚਾ ਸਿੰਘ ਰੋਟੀ ਲੈਣ ਤੋਂ ਇਨਕਾਰ ਕਰ ਦਿੰਦਾ ਹੈ...ਉਹ ਗੁੱਸੇ ਵਿਚ ਤਪਿਆ ਹੋਇਆ ਹੈ। ਸੁੱਚਾ ਸਿੰਘ ਬਹੁਤ ਗੁੱਸੇ ਵਿਚ ਹੈ, ਉਹ ਨਹੀਂ ਜਾਣਦਾ ਹੁੰਦਾ ਕਿ ਬਾਲੋ ਨਾਲ ਕੀ ਕੁਝ ਵਾਪਰਿਆ ਹੈ। ਬਾਲੋ ਕੋਸ਼ਿਸ਼ ਵੀ ਕਰਦੀ ਹੈ ਕਿ ਸੁੱਚਾ ਸਿੰਘ ਨੂੰ ਦੱਸੇ ਕਿ ਅੱਜ ਉਸ ਬਦਮਾਸ਼ ਨੇ ਉਸ ਦੀ ਭੈਣ ਨਾਲ ਛੇੜਖਾਨੀ ਕੀਤੀ ਹੈ ਪਰ ਸੁੱਚਾ ਸਿੰਘ ਕੁਝ ਸੁਣਨ ਨੂੰ ਤਿਆਰ ਨਹੀਂ। ਉਹ ਬੱਸ ਨੂੰ ਜਲੰਧਰ ਵਾਲੇ ਪਾਸੇ ਨੂੰ ਤੋਰ ਲੈਂਦਾ ਹੈ।

ਬਾਲੋ ਕੋਲ ਹੁਣ ਕੋਈ ਚਾਰਾ ਨਹੀਂ ਹੁੰਦਾ.. ਹੁਣ ਬੱਸ ਵੀ ਵਾਪਸ ਆਏਗੀ ਤਾਂ ਰਾਤ ਨੂੰ ਕਾਫੀ ਹਨ੍ਹੇਰੇ। ਪਰ ਉਹ ਇੰਨੀ ਅਸੁਰੱਖਿਆ ਦੀ ਭਾਵਨਾ ਨਾਲ ਘਿਰੀ ਹੁੰਦੀ ਹੈ ਕਿ ਉਹ ਨਹੀਂ ਚਾਹੁੰਦੀ ਕਿ ਸੁੱਚਾ ਸਿੰਘ ਕਿਸੇ ਗੱਲੋਂ ਨਾਰਾਜ਼ ਹੋ ਜਾਵੇ ਤੇ ਉਨ੍ਹਾਂ ਦਾ ਇਹ ਰਿਸ਼ਤਾ ਟੁੱਟ ਜਾਵੇ।

ਬੱਸ ਅੱਡੇ ਦੇ ਨੇੜੇ ਖੇਤਾਂ ਵਿਚ ਕੋਈ ਗੀਤ ਗਾ ਰਿਹਾ ਹੈ ...ਤਾਂ ਉਹ ਬਚਪਨ ਦੇ ਦਿਨਾਂ ਵਿੱਚ ਚਲੀ ਜਾਂਦੀ ਹੈ ....ਫਿਰ ਆਪਣੇ ਪਿਤਾ ਦੇ ਕੋਲ ਗੁਜ਼ਾਰੇ ਦਿਨਾਂ ਨੂੰ ਯਾਦ ਕਰਦੀ ਹੈ ....ਪਿਤਾ ਦੇ ਹੁੰਦਿਆਂ ਉਸ ਨੂੰ ਕਦੇ ਡਰ ਨਹੀਂ ਸੀ ਲੱਗਿਆ ...ਉਸ ਨੂੰ ਯਾਦ ਆਉਂਦਾ ਹੈ ਕਿ ਡਰ ਤਾਂ ਉਸ ਨੂੰ ਸੁੱਚਾ ਸਿੰਘ ਕੋਲ ਹੁੰਦਿਆਂ ਵੀ ਨਹੀਂ ਸੀ ਲੱਗਿਆ ਪਰ ਇਹ ਡਰ ਜ਼ਰੂਰ ਉਸ ਨੂੰ ਅੰਦਰੋਂ-ਅੰਦਰੀ ਖਾ ਰਿਹਾ ਹੈ ਕਿ ਕਿਤੇ ਸੁੱਚਾ ਸਿੰਘ ਉਸ ਨੂੰ ਛੱਡ ਹੀ ਨਾ ਦੇਵੇ ......। ਤਦੇ ਉਹਨੂੰ ਉਸ ਇਸਤਰੀ ਨੂੰ ਮਿਲਣ ਦੀ ਇੱਛਾ ਹੁੰਦੀ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਸੁੱਚਾ ਸਿੰਘ ਨੇ ਉਸ ਨੂੰ ਨਕੋਦਰ ਰੱਖਿਆ ਹੋਇਆ ਹੈ।

ਪਿਆਊ ਤੇ ਖੜ੍ਹਾ ਬੰਦਾ ਸ਼ਾਮ ਨੂੰ ਉਸ ਨੂੰ ਕਹਿੰਦਾ ਹੈ ਕਿ ਉਹ ਹੁਣ ਘਰ ਚਲੀ ਜਾਵੇ ਪਰ ਉਹ ਉਸ ਨੂੰ ਕਹਿ ਦਿੰਦੀ ਹੈ ਕਿ ਨਹੀਂ, ਉਹ ਘਰ ਨਹੀਂ ਜਾਵੇਗੀ ..ਉਹ ਸੁੱਚਾ ਸਿੰਘ ਨੂੰ ਰੋਟੀ ਦੇਣ ਲਈ ਇੰਤਜ਼ਾਰ ਕਰੇਗੀ। ਪਿਆਊ ਵਾਲਾ ਬੰਦਾ ਹੈਰਾਨ ਹੁੰਦਾ ਹੈ ਕਿ ਇਕ ਰੋਟੀ ਦੇਣ ਵਾਸਤੇ ਇਕ ਕੈਸੀ ਜ਼ਿੱਦ ਹੈ ....ਡਰਾਈਵਰ ਆਦਮੀ ਹੈ ਉਹ ਕਿਸੇ ਢਾਬੇ ਤੇ ਵੀ ਖਾ ਲਵੇਗਾ।

ਉਹ ਵੀ ਹਨੇਰਾ ਹੋਣ ਤੇ ਘਰੇ ਚਲੇ ਜਾਂਦਾ ਹੈ ਤੇ ਉੱਥੇ ਬੈਠਾ ਇੱਕ ਭਿਖਾਰੀ ਵੀ ਪਤਾ ਨਹੀਂ ਕਿੱਧਰ ਚਲੇ ਜਾਂਦਾ ਹੈ ਪਰ ਬਾਲੋ ਉੱਥੇ ਹੀ ਬੈਠੀ ਰਹਿੰਦੀ ਹੈ ...ਭਾਵੇਂ ਕਿ ਵਾਰ-ਵਾਰ ਉਸ ਨੂੰ ਆਪਣੀ ਭੈਣ ਦਾ ਖਿਆਲ ਆਉਂਦਾ ਹੈ ਜੋ ਡਰੀ ਹੋਈ ਸਹਿਮੀ ਹੋਈ ਘਰੇ ਬੈਠੀ ਉਸ ਦਾ ਇੰਤਜ਼ਾਰ ਕਰ ਰਹੀ ਹੈ।

ਬਾਲੋ ਦਾ ਇਹ ਅੰਦਰੂਨੀ ਡਰ ਉਦੋਂ ਹੀ ਖ਼ਤਮ ਹੋ ਸਕਦਾ ਹੈ ਜਦੋਂ ਸੁੱਚਾ ਸਿੰਘ ਉਸ ਦੀ ਰੋਟੀ ਲੈ ਲਵੇ ਅਤੇ ਉਸ ਨੂੰ ਇਹ ਅਹਿਸਾਸ ਹੋ ਜਾਵੇ ਕਿ ਸਾਡਾ ਰਿਸ਼ਤਾ ਬਣਿਆ ਹੋਇਆ ਹੈ ...ਰੋਟੀ ਦੇਣ ਤੋਂ ਬਗੈਰ ਉਸ ਨੂੰ ਚੈਨ ਨਹੀਂ ਆਉਣਾ।

ਉਹ ਹਨੇਰੇ ਵਿੱਚ ਡਰੀ ਹੋਈ ਬੈਠੀ ਹੈ ..ਕਈ ਵਾਰ ਉਸ ਨੂੰ ਪਿਆਸ ਲੱਗਦੀ ਹੈ ਪਰ ਉਹ ਪਾਣੀ ਪੀ ਨਹੀਂ ਸਕਦੀ ਹੁੰਦੀ ...ਪਿਆਊ ਵਿੱਚ ਪਾਣੀ ਖ਼ਤਮ ਵੀ ਹੋ ਚੁੱਕਿਆ ਹੁੰਦਾ ਹੈ। ਉਹ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਚਲੀ ਜਾਂਦੀ ਹੈ ....ਉਸ ਨੂੰ ਅਜੀਬੋ ਗਰੀਬ ਖਿਆਲ ਆਉਂਦੇ ਹਨ ...ਕਦੇ ਆਪਣੀ ਛੋਟੀ ਭੈਣ ਦੇ, ਕਦੇ ਆਪਣੀ ਮਾਤਾ ਦੇ, ਕਦੇ ਰੋਹਟ ਵਿਚ ਆਉਂਦੀਆਂ ਆਵਾਜ਼ਾਂ ਦੇ ਤੇ ਕਦੇ ਸਹੇਲੀਆਂ ਨਾਲ ਗਾਏ ਹੋਏ ਮਾਹੀਏ ਦੇ ਟੱਪੇ।

ਦਰਅਸਲ ਉਹ ਮਨੋ ਕਲਪਿਤ ਸਦਮੇ ਕਾਰਨ ਬੇਹੋਸ਼ ਹੋ ਚੁੱਕੀ ਹੁੰਦੀ ਹੈ ...ਅਰਧ ਮੂਰਸ਼ਿਤ ....।

ਇੱਥੇ ਕਹਾਣੀ ਦਾ ਪਾਠਕ ਜਾਂ ਫ਼ਿਲਮ ਦਾ ਦਰਸ਼ਕ ਇਹ ਸੋਚਣ ਲਗਦਾ ਹੈ ਕਿ ਬਾਲੋ ਇੱਥੇ ਮੁੱਕ ਜਾਵੇਗੀ ਅਤੇ ਸੁੱਚਾ ਸਿੰਘ ਸ਼ਾਇਦ ਵਾਪਸ ਨਾ ਆਵੇ। ਪਰ ਕਹਾਣੀ ਇੱਥੋਂ ਨਵਾਂ ਮੋੜ ਕੱਟਦੀ ਹੈ ਜਦੋਂ ਬਾਲੋ ਅਰਧ ਮੂਰਛਿਤ ਪਈ ਹੁੰਦੀ ਹੈ ਤਾਂ ਸੁੱਚਾ ਸਿੰਘ ਉਸ ਨੂੰ ਆ ਕੇ ਜਗਾਉਂਦਾ ਹੈ। ਉਹ ਉਸ ਤੇ ਨਾਰਾਜ਼ ਵੀ ਹੁੰਦਾ ਹੈ ਕਿ ਉਹ ਰਾਤ ਤਕ ਉਸ ਨੂੰ ਰੋਟੀ ਦੇਣ ਲਈ ਬੈਠੀ ਰਹੀ।

ਸੁੱਚਾ ਸਿੰਘ ਦੀ ਨਾਰਾਜ਼ਗੀ ਖਤਮ ਹੋ ਚੁੱਕੀ ਹੁੰਦੀ ਹੈ ਪਰ ਬਾਲੋ ਦਾ ਡਰ ਹਾਲੇ ਵੀ ਕਾਇਮ ਹੁੰਦਾ ਹੈ। ਉਹ ਉਦੋਂ ਹੀ ਸੋਚ ਲੈਂਦੀ ਹੈ ਕਿ ਕੋਈ ਐਸੀ ਗੱਲ ਨਹੀਂ ਕਰੇਗੀ ਜਿਸ ਨਾਲ ਸੁੱਚਾ ਸਿੰਘ ਨਾਰਾਜ਼ ਹੋ ਜਾਵੇ ..ਉਹ ਡਰਦੀ ਹੋਈ ਸੁੱਚਾ ਸਿੰਘ ਨੂੰ ਪੁੱਛਦੀ ਹੈ ਤੁਸੀਂ ਮੰਗਲਵਾਰ ਨੂੰ ਘਰ ਆਓਗੇ ...

ਸੁੱਚਾ ਸਿੰਘ ਕਹਿੰਦਾ ਹਾਂ ਆਵਾਂਗਾ.. ਪਰਸੋਂ ਆਵਾਂਗਾ ....

ਇਹ ਕਹਿੰਦਿਆਂ ਉਹ ਬਾਲੋ ਦੇ ਮੋਢੇ ਤੇ ਹੱਥ ਰੱਖਦਾ ਹੈ ਤੇ ਬੱਸ ਵੱਲ ਤੁਰ ਪੈਂਦਾ ਹੈ।

ਮੋਢੇ ਤੇ ਰੱਖਿਆ ਇਹ ਹੱਥ ਉਸ ਲਈ ਬੜਾ ਵੱਡਾ ਹੌਸਲਾ ਅਤੇ ਸਹਾਰਾ ਹੁੰਦਾ ਹੈ ...ਉਸ ਦੀਆਂ ਸੋਚਾਂ ਤੋਂ ਕਿਤੇ ਉੱਚਾ ਤੇ ਵੱਡਾ।

ਉਸ ਦੀਆਂ ਅੱਖਾਂ ਵਿੱਚ ਹੰਝੂ ਹੁੰਦੇ ਹਨ ....ਦਰਅਸਲ ਇਹ ਉਸਦੀ ਉਮੀਦ ਤੋਂ ਕਿਤੇ ਵੱਡੀ ਚੀਜ਼ ਵਾਪਰ ਗਈ ਹੁੰਦੀ ਹੈ...

ਮੋਹਣ ਰਕੇਸ਼ ਨੇ ਇਕ ਕਹਾਣੀ ਰਾਹੀਂ ਉਸ ਔਰਤ ਦੀ ਮਨੋਦਸ਼ਾ ਦਾ ਬਾਖ਼ੂਬੀ ਵਰਣਨ ਕੀਤਾ ਹੈ ਜੋ ਸਮਾਜ ਚ ਰਹਿੰਦਿਆਂ ਡਰੀ ਹੋਈ ਹੈ। ਜਿਸ ਦਾ ਰਿਸ਼ਤਿਆਂ ਵਿੱਚੋਂ ਯਕੀਨ ਉੱਠਦਾ ਜਾ ਰਿਹਾ ਹੁੰਦਾ ਹੈ।

ਇਕ ਸ਼ਾਨਦਾਰ ਮਨੋਵਿਗਿਆਨਕ ਕਹਾਣੀ ਤੇ ਬਣੀ "ਉਸ ਕੀ ਰੋਟੀ" ਬੁੱਧੀਜੀਵੀ ਵਰਗ ਦੇ ਵੇਖਣ ਵਾਲੀ ਫਿਲਮ ਹੈ।

—----------------------------